


# ਯੂਰਪ ਵਿੱਚ ਪੰਜਾਬੀ ਸਕੂਲ



ਵਿਦੇਸ਼ਾਂ ਵਿੱਚ ਪੰਜਾਬੀਆਂ ਨੇ ਆਪਣੇ ਮਿਹਨਤੀ ਤੇ ਸਿਰੜੀ ਸੁਭਾਅ ਨਾਲ ਆਪਣੀ ਵੱਖਰੀ ਸ਼ਾਨ ਤੇ ਪਛਾਣ ਬਣਾਈ ਹੈ। ਉਸੇ ਤਰ੍ਹਾਂ ਇਨ੍ਹਾਂ ਨੇ ਪੰਜਾਬੀ ਬੋਲੀ, ਆਪਣੀ ਮਾਤ ਭਾਸ਼ਾ ਦਾ ਠਾਠ ਵੀ ਬਣਾਇਆ ਹੈ। ਪ੍ਰਦੇਸਾਂ ਵਿੱਚ ਵੀ ਮਾਂ-ਬੋਲੀ ਨੂੰ ਪਿਆਰ ਕਰਨ ਵਾਲੇ ਜਿਊੜੇ ਵਸਦੇ ਹਨ ਜਿਹੜੇ ਤਨ, ਮਨ ਤੇ ਧਨ ਨਾਲ ਪੰਜਾਬੀ ਦੀ ਪ੍ਰਫੁੱਲਤਾ ਲਈ ਯਤਨਸ਼ੀਲ ਹਨ। ਨੌਰਵੇ ਵਰਗੇ ਮੁਲਕ ਵਿੱਚ ਇਹ ਗੱਲ ਬਹੁਤ ਮਹੱਤਵ ਰੱਖਦੀ ਹੈ ਕਿਉਂਕਿ ਇੱਥੇ ਭਾਰਤੀ ਮੂਲ ਦੇ ਸਿਰਫ਼ ਤਕਰੀਬਨ 10850 ਲੋਕ ਹੀ ਹਨ ਨੌਰਵੇ ਦਾ ਦਰਮਨ ਸ਼ਹਿਰ ਕੁੱਲ 137 ਵਰਗ ਕਿਲੋਮੀਟਰ ਖੇਤਰਫਲ ਅਤੇ 65000 ਦੀ ਵੱਸੋਂ ਵਾਲਾ ਸ਼ਹਿਰ ਹੈ। ਨਵੰਬਰ 2012 ਤਕ ਤਕਰੀਬਨ 650 ਪੰਜਾਬੀ ਜਾਂ ਭਾਰਤੀ ਪਿਛੋਕੜ ਵਾਲੇ ਲੋਕ ਇੱਥੇ ਵੱਸ ਰਹੇ ਸਨ। ਇਸ ਸ਼ਹਿਰ ਦੇ ਆਪਣੀ ਮਿੱਟੀ, ਆਪਣੇ ਵਿਰਸੇ ਜਾਂ ਬੋਲੀ ਦਾ ਮੋਹ ਰੱਖਣ ਵਾਲੇ ਪੰਜਾਬੀ ਲੋਕਾਂ ਨੇ ਇੱਥੇ ਪੰਜਾਬੀ ਸਕੂਲ ਸਥਾਪਤ ਕੀਤੇ ਹਨ। ਇੱਕ 'ਮਾਤਾ ਗੁਜਰੀ ਪੰਜਾਬੀ ਸਕੂਲ' ਦਰਮਨ ਅਤੇ ਦੂਜਾ 'ਪੰਜਾਬੀ ਖ਼ਾਲਸਾ ਸਕੂਲ', ਦਰਮਨ ਦੇ ਨਾਲ ਲੱਗਦੇ ਛੋਟੇ ਜਿਹੇ ਸ਼ਹਿਰ ਲੀਅਰ ਵਿਖੇ ਹੈ।

ਇਹ ਦੋਵੇਂ ਸਕੂਲ ਵਿਦੇਸ਼ ਵਿੱਚ ਪੰਜਾਬੀ ਪੜ੍ਹਾਉਣ ਦਾ ਸ਼ਲਾਘਾਯੋਗ ਉਪਰਾਲਾ ਕਰ ਰਹੇ ਹਨ ਪੰਜਾਬੀ ਖ਼ਾਲਸਾ ਸਕੂਲ ਲੀਅਰ ਦੀ ਪ੍ਰਿੰਸੀਪਲ ਰਣਜੀਤ ਕੌਰ ਨਾਲ ਸੰਪਰਕ ਕਰਨ 'ਤੇ ਸਕੂਲ ਬਾਰੇ ਸਾਰੀ ਜਾਣਕਾਰੀ ਮਿਲੀ। ਇਹ ਸਕੂਲ ਚਲਾਉਣ ਦਾ ਵਿਚਾਰ ਉਨ੍ਹਾਂ ਦੇ ਡਾਕਟਰੀ ਵਿੱਦਿਆ ਹਾਸਲ ਕਰ ਰਹੇ ਪੁੱਤਰ ਰਮਨਦੀਪ ਸਿੰਘ ਦਾ ਸੀ। ਉਨ੍ਹਾਂ ਨੇ ਇਹ ਵਿਚਾਰ ਗੁਰਦੁਆਰਾ ਕਮੇਟੀ ਨਾਲ ਸਾਂਝਾ ਕੀਤਾ। ਪਹਿਲਾਂ ਕਮੇਟੀ ਨੇ ਸਹਿਯੋਗ ਵੀ ਦਿੱਤਾ ਪਰ ਬਾਅਦ 'ਚ ਉਹ ਸਾਰੀ ਜ਼ਿੰਮੇਵਾਰੀ ਆਪ ਹੀ ਨਿਭਾਅ ਰਹੇ ਹਨ। ਇਹ ਸਕੂਲ 2008 ਵਿੱਚ ਸ਼ੁਰੂ ਕੀਤਾ ਗਿਆ। ਪਹਿਲੇ ਦੋ ਸਾਲ ਕਿਸੇ ਵਿਦਿਆਰਥੀ ਤੋਂ ਕੋਈ ਫੀਸ ਨਹੀਂ ਲਈ ਗਈ। ਸਕੂਲ ਵਿੱਚ ਦਾਖਲੇ ਦੀ ਉਮਰ 6 ਤੋਂ 8 ਸਾਲ ਤਕ ਹੈ ਪਰ ਵੱਡੀ ਉਮਰ ਵਾਲੇ ਵੀ ਇੱਥੇ ਪੜ੍ਹ ਸਕਦੇ ਹਨ। ਕੁਝ ਬੱਚਿਆਂ ਦੇ ਮਾਪੇ ਵੀ ਪੰਜਾਬੀ ਪੜ੍ਹ ਨ ਆਏ। ਨੌਰਵੇ ਸਰਕਾਰ ਦਾ ਸਹਿਯੋਗ ਵੀ ਇਸ ਸਕੂਲ ਨੂੰ ਹਾਸਲ ਹੈ। ਨੌਰਵੇ ਦੇ ਪ੍ਰਸਿੱਧ ਸਰਕਾਰੀ ਸਕੂਲ, 'ਹੋਵਿਕ ਸਕੂਲ' ਵੱਲੋਂ ਆਪਣੀ ਇਮਾਰਤ ਵਿੱਚ ਪੰਜਾਬੀ ਸਕੂਲ ਚਲਾਉਣ ਦੀ ਇਜਾਜ਼ਤ ਦਿੱਤੀ ਹੋਈ ਹੈ। ਬਹੁਤ ਖ਼ੂਬਸੂਰਤ ਆਧੁਨਿਕ ਸਹੂਲਤਾਂ ਵਾਲੀ ਇਮਾਰਤ ਵਿੱਚ ਦੋ ਵੱਡੇ-ਵੱਡੇ ਕਮਰੇ ਅਤੇ ਰਸੋਈ ਦੇ ਨਾਲ-ਨਾਲ ਕਿਸੇ ਸਮਾਗਮ ਲਈ ਵੱਡਾ ਹਾਲ ਵਰਤਣ ਦੀ ਵੀ ਖੁੱਲ੍ਹ ਹੈ। ਇਨ੍ਹਾਂ ਕਮਰਿਆਂ ਜਾਂ ਹੋਰ ਸਹੂਲਤਾਂ ਲਈ ਪੰਜਾਬੀ ਸਕੂਲ ਤੋਂ ਕੋਈ ਕਿਰਾਇਆ ਜਾਂ ਫੰਡ ਸਕੂਲ ਹੋਵਿਕ ਵੱਲੋਂ ਨਹੀਂ ਲਿਆ ਜਾਂਦਾ ਸਕੂਲ ਦੀ ਪ੍ਰਿੰਸੀਪਲ ਨੇ ਦੱਸਿਆ ਕਿ ਦੋ ਸਾਲ ਪੰਜਾਬੀ ਦੇ ਵਿਦਿਆਰਥੀਆਂ ਤੋਂ ਕੋਈ ਫੀਸ ਨਹੀਂ ਲਈ ਗਈ ਪਰ ਬਾਅਦ ਵਿੱਚ ਕੁਝ ਕਾਰਨਾਂ ਕਰਕੇ ਥੋੜ੍ਹੀ ਜਿਹੀ ਫੀਸ ਮੁਕੱਰਰ ਕੀਤੀ ਗਈ। ਇੱਕ ਵਿਦਿਆਰਥੀ ਤੋਂ ਪੂਰੇ ਸਾਲ ਦੀ 1100 ਕਰੋਨਾ ਅਰਥਾਤ ਸਿਰਫ਼ 9900 ਰੁਪਏ ਦੇ ਕਰੀਬ ਫੀਸ ਲਈ ਜਾਂਦੀ ਹੈ। ਜੇ ਕਿਸੇ ਦੇ ਤਿੰਨ ਬੱਚੇ ਪੜ੍ਹਦੇ ਹਨ ਤਾਂ ਦੋ ਬੱਚਿਆਂ ਦੀ ਫੀਸ ਹੀ ਲਈ ਜਾਂਦੀ ਹੈ ਤੀਜੇ ਬੱਚੇ ਨੂੰ ਫੀਸ ਮੁਆਫ਼ ਹੁੰਦੀ ਹੈ। ਇਨ੍ਹਾਂ ਪੰਜਾਬੀ ਪ੍ਰੇਮੀਆਂ ਦੀ ਵਿਸ਼ੇਸ਼ ਤੌਰ 'ਤੇ ਵਰਣਨਯੋਗ ਗੱਲ ਇਹ ਹੈ ਕਿ ਪ੍ਰਿੰਸੀਪਲ ਜਾਂ ਅਧਿਆਪਕ ਬਿਨਾਂ ਤਨਖ਼ਾਹ ਦੇ ਸੇਵਾ ਭਾਵਨਾ ਨਾਲ ਹੀ ਇਹ ਕਾਰਜ ਕਰ ਰਹੇ ਹਨ। ਸਕੂਲ ਵਿੱਚ ਕੋਈ ਸੇਵਾਦਾਰ ਭਾਵ ਚਪੜਾਸੀ ਜਾਂ ਆਇਆ ਨਹੀਂ ਹੈ। ਇਹ ਸਾਰੇ ਕੰਮ ਵੀ ਅਧਿਆਪਕ ਤੇ ਪ੍ਰਿੰਸੀਪਲ ਆਪ ਹੀ ਕਰਦੇ ਹਨ। ਇੱਕ ਅਧਿਆਪਕਾ ਸੁਕੀਰਤ ਕੌਰ ਤੇ ਅਧਿਆਪਕ ਨਰਿੰਦਰ ਸਿੰਘ ਹਨ। ਪ੍ਰਿੰਸੀਪਲ ਸਾਹਿਬਾ ਦਾ ਬੇਟਾ ਆਪਣੀ ਪੜ੍ਹਾਈ ਤੋਂ ਮਿਲੇ ਵਾਧੂ ਸਮੇਂ ਵਿੱਚ ਆਪ ਵੀ ਬੱਚਿਆਂ ਨੂੰ ਪੜ੍ਹਾਉਣ ਆਉਂਦਾ ਹੈ।

ਇੱਥੋਂ ਦੇ ਮੌਸਮ ਅਤੇ ਕੰਮਾਂ ਕਾਰਾਂ ਦੇ ਹਿਸਾਬ ਨਾਲ ਇਸ ਸਕੂਲ ਵਿੱਚ ਹਫ਼ਤੇ 'ਚ ਸਿਰਫ਼ ਇੱਕ ਦਿਨ ਸ਼ੁੱਕਰਵਾਰ ਨੂੰ ਛੇ ਵਜੇ ਤੋਂ ਸਾਢੇ ਸੱਤ ਵਜੇ ਤਕ ਹੀ ਪੰਜਾਬੀ ਪੜ੍ਹਾਈ ਜਾਂਦੀ ਹੈ ਪਰ ਦੇਖਣ 'ਚ ਆਇਆ ਕਿ ਛੇ ਤੋਂ ਤੇਰਾਂ-ਚੌਦਾਂ ਸਾਲਾਂ ਦੀ ਉਮਰ ਵਾਲੇ ਵਿਦਿਆਰਥੀ ਬੜੀ ਲਗਨ ਨਾਲ ਪੰਜਾਬੀ ਪੜ੍ਹ-ਲਿਖ ਰਹੇ ਸਨ। ਇਨ੍ਹਾਂ ਬੱਚਿਆਂ ਨੂੰ ਕਾਪੀਆਂ-ਕਿਤਾਬਾਂ ਵੀ ਸਕੂਲ ਵੱਲੋਂ ਹੀ ਮੁਹੱਈਆ ਕਰਵਾਈਆਂ ਜਾਂਦੀਆਂ ਹਨ। ਰਮਨਦੀਪ ਸਿੰਘ ਦੇ ਆਪ ਤਿਆਰ ਤੇ ਪ੍ਰਿੰਟ ਕੀਤੇ 'ਕਾਇਦੇ' ਭਾਵ ਨੋਟ ਬੁੱਕ ਦੇਖ ਕੇ ਪਤਾ ਲੱਗਦਾ ਹੈ ਕਿ ਇਹ ਕੰਮ ਸੌਖਾ ਨਹੀਂ। ਵਿਦਿਆਰਥੀਆਂ ਲਈ ਮੁੱਢਲੀ ਪੜ੍ਹਾਈ ਵਿੱਚ -ਅ ਵਾਲੇ ਪੰਨੇ ਬੜੀ ਸੁੰਦਰ ਤਕਨੀਕ ਨਾਲ ਤਿਆਰ ਕੀਤੇ ਗਏ ਸਨ। ਜਿਵੇਂ -ਊਠ, ਫਿਰ ਊਠ ਦੀ ਤਸਵੀਰ ਤੇ ਉਸ ਤੋਂ ਅੱਗੇ ਨੌਰਵੀਯੀਅਨ ਭਾਸ਼ਾ, ਨੌਸ਼ਿਕ ਵਿੱਚ ਲਿਖਿਆ ਹੈ ™1$5* ਜਿਸ ਦਾ ਉਚਾਰਨ ਇਸ ਬੋਲੀ ਵਿੱਚ ਖਾਮੇਲ ਕੀਤਾ ਜਾਂਦਾ ਹੈ। ਇਸੇ ਤਰ੍ਹਾਂ ਗ-ਗੁੱਡੀ, ਗੁੱਡੀ ਦਾ ਚਿੱਤਰ ਅਤੇ ਨੌਸ਼ਿਕ ਵਿੱਚ 4 ™™5 ਜਿਸ ਨੂੰ ਇਹ ਲੋਕ 'ਦੁੱਕੇ' ਕਹਿੰਦੇ ਹਨ। ਪ੍ਰਿੰਸੀਪਲ ਦਾ ਕਹਿਣਾ ਹੈ ਕਿ ਇਸ ਤਰ ਾਂ ਇਹ ਵਿਦਿਆਰਥੀ ਸੌਖੀ ਤਰ ਾਂ ਪੰਜਾਬੀ ਸਿੱਖਦੇ ਹਨ। ਇਸ ਤੋਂ ਬਾਅਦ ਦੋ ਅੱਖਰਾਂ ਦੇ ਸ਼ਬਦ ਜੋੜ ਅਤੇ ਫਿਰ ਤਿੰਨ ਅੱਖਰਾਂ ਵਾਲੇ ਸ਼ਬਦ ਸਿਖਾਏ ਜਾਂਦੇ ਹਨ। ਫਿਰ ਬਾਕਾਇਦਾ ਲਗਾਂ-ਮਾਤਰਾਂ ਭਾਵ ਕੰਨਾ, ਸਿਹਾਰੀ ਤੇ ਬਿਹਾਰੀ ਆਦਿ ਦਾ ਪੂਰਾ ਗਿਆਨ ਦਿੱਤਾ ਜਾਂਦਾ ਹੈ। 1 ਤੋਂ 100 ਤਕ ਗਿਣਤੀ ਵੀ ਪੰਜਾਬੀ ਵਿੱਚ ਸਿਖਾਈ ਜਾਂਦੀ ਹੈ। ਸਮੇਂ-ਸਮੇਂ ਬੱਚਿਆਂ ਦੇ ਟੈਸਟ ਲਏ ਜਾਂਦੇ ਹਨ ਅਤੇ ਸਾਲਾਨਾ ਇਮਤਿਹਾਨ ਮਾਰਚ-ਅਪਰੈਲ ਵਿੱਚ ਹੁੰਦੇ ਹਨ। ਚੰਗੇ ਨੰਬਰ ਲੈਣ ਵਾਲੇ ਵਿਦਿਆਰਥੀਆਂ ਨੂੰ ਇਨਾਮ ਦਿੱਤਾ ਜਾਂਦਾ ਹੈ।

ਇਸ ਸਕੂਲ ਵਿੱਚ ਹੋਰ ਕੋਈ ਵਿਸ਼ਾ ਨਹੀਂ ਪੜ੍ਹਾਇਆ ਜਾਂਦਾ। ਬਹੁਤ ਹੀ ਅੱਛੇ ਤੇ ਦਿਲਚਸਪ ਢੰਗ ਨਾਲ ਪੰਜਾਬੀ ਪੜ੍ਹਾਈ ਜਾਂਦੀ ਹੈ। ਨਮੂਨੇ ਵਜੋਂ ਪ੍ਰਸ਼ਨ-ਪੱਤਰ ਦਾ ਇੱਕ ਪ੍ਰਸ਼ਨ ਪੇਸ਼ ਹੈ: 'ਹੇਠਾਂ ਸੰਤੁਲਤ ਭੋਜਨ ਦੀ ਚੋਣ ਬਾਰੇ ਮਹੱਤਵਪੂਰਨ ਜਾਣਕਾਰੀ ਨੌਰਵੀਯੀਅਨ ਭਾਸ਼ਾ ਵਿੱਚ ਦਿੱਤੀ ਗਈ ਹੈ। ਇਸ ਨੂੰ ਪੜ੍ਹੋ ਤੇ ਇਸ ਤੋਂ ਪ੍ਰਾਪਤ ਹੋਣ ਵਾਲੀ ਸੂਚਨਾ ਨੂੰ ਪੰਜਾਬੀ ਭਾਸ਼ਾ ਵਿੱਚ ਲਿਖੋ' ਆਪਣੀ ਮਾਂ-ਬੋਲੀ ਪੰਜਾਬੀ ਨੂੰ ਸਮਰਪਿਤ ਇਹ ਲੋਕ ਬੜੀ ਮਿਹਨਤ ਕਰਦੇ ਹਨ। ਵਿਦਿਆਰਥੀਆਂ ਨੂੰ 'ਮੂਲ ਮੰਤਰ' ਵੀ ਸਿਖਾਇਆ ਤੇ ਲਿਖਾਇਆ ਜਾਂਦਾ ਹੈ। ਸਮੇਂ-ਸਮੇਂ ਬੱਚਿਆਂ ਦੇ ਮਾਪਿਆਂ ਨਾਲ ਮੀਟਿੰਗ ਵੀ ਕੀਤੀ ਜਾਂਦੀ ਹੈ। ਬੱਚਿਆਂ ਨੂੰ ਤੰਦਰੁਸਤੀ ਪ੍ਰਤੀ ਸੁਚੇਤ ਰੱਖਦਿਆਂ ਮਹੀਨੇ 'ਚ ਇੱਕ ਵਾਰ ਜਿੰਮ ਲਿਜਾਇਆ ਜਾਂਦਾ ਹੈ।

ਸਾਲ ਬਾਅਦ ਜਦੋਂ ਨਵੇਂ ਵਿਦਿਆਰਥੀ ਦਾਖਲ ਹੁੰਦੇ ਹਨ ਤਾਂ ਸਮਾਗਮ ਕੀਤਾ ਜਾਂਦਾ ਹੈ ਜਿਸ ਵਿੱਚ ਵਿਦਿਆਰਥੀ ਗਿੱਧਾ-ਭੰਗੜਾ ਤੇ ਹੋਰ ਰੰਗਾ-ਰੰਗ ਪ੍ਰੋਗਰਾਮ ਪੇਸ਼ ਕਰਦੇ ਹਨ। ਸਕੂਲ ਵੱਲੋਂ ਇਸ ਮੌਕੇ ਮਾਪਿਆਂ ਅਤੇ ਹੋਰ ਮਹਿਮਾਨਾਂ ਲਈ ਖਾਣਾ ਦਿੱਤਾ ਜਾਂਦਾ ਹੈ ਜੋ ਸਕੂਲ ਦੀ ਪ੍ਰਿੰਸੀਪਲ ਤੇ ਅਧਿਆਪਕ ਘਰੋਂ ਬਣਾ ਕੇ ਲਿਆਉਂਦੇ ਹਨ। ਦੀਵਾਲੀ ਅਤੇ ਵਿਸਾਖੀ ਮੌਕੇ ਵੀ ਅਜਿਹੇ ਸਮਾਗਮ ਕੀਤੇ ਜਾਂਦੇ ਹਨ ਅਤੇ ਸਕੂਲ ਵੱਲੋਂ ਵਿਦਿਆਰਥੀਆਂ ਨੂੰ ਸੌਗਾਤਾਂ ਦਿੱਤੀਆਂ ਜਾਂਦੀਆਂ ਹਨ। ਸਾਲਾਨਾ ਫੀਸ ਵਿੱਚੋਂ ਜੇ ਕੋਈ ਪੈਸਾ ਬਚ ਜਾਵੇ ਤਾਂ ਵਿਦਿਆਰਥੀਆਂ ਨੂੰ ਚੌਕਲੇਟ ਆਦਿ ਖਰੀਦ ਕੇ ਦਿੱਤੇ ਜਾਂਦੇ ਹਨ। ਜ਼ਿਕਰਯੋਗ ਹੈ ਕਿ ਇਨ੍ਹਾਂ ਉੱਦਮੀਆਂ ਦੀ ਸੇਵਾ ਉਦੋਂ ਫਲਦੀ ਹੈ ਜਦੋਂ ਪੰਜਾਬੀ ਪੜ੍ਹ ਕੇ ਗਏ ਬੱਚੇ ਕਿਸੇ ਪ੍ਰੋਫੈਸ਼ਨਲ ਕੋਰਸ ਜਾਂ ਪੜ੍ਹਾਈ ਵਿੱਚ ਦਾਖਲਾ ਲੈਂਦੇ ਹਨ ਤਾਂ ਪੰਜਾਬੀ ਨੂੰ ਵਾਧੂ ਵਿਸ਼ੇ ਦੇ ਤੌਰ 'ਤੇ ਅੰਕ ਮਿਲਦੇ ਹਨ। ਆਪਣੇ ਕੰਮਾਂ-ਕਾਰਾਂ ਅਤੇ ਘਰੇਲੂ ਜ਼ਿੰਮੇਵਾਰੀਆਂ ਨੂੰ ਨਿਭਾਉਂਦੇ ਹੋਏ ਇਹ ਲੋਕ ਨਾ ਦੌਲਤ, ਨਾ ਸ਼ੋਹਰਤ ਤੇ ਨਾ ਹੀ ਆਪਣੇ ਕਿਸੇ ਨਿੱਜੀ ਹਿਤ ਲਈ ਇਹ ਸਕੂਲ ਚਲਾਉਂਦੇ ਹਨ। ਸੱਤ ਸਮੁੰਦਰੋਂ ਪਾਰ ਆ ਵਸੇ ਇਹ ਪੰਜਾਬੀ ਸਿਰਫ਼ ਆਪਣੀ ਮਾਤ ਭਾਸ਼ਾ ਪੰਜਾਬੀ ਦੇ ਪ੍ਰੇਮ 'ਚ ਰੱਤੇ ਹੀ ਨਿਸ਼ਕਾਮ ਸੇਵਾ ਕਰ ਰਹੇ ਹਨ ਜੋ ਬਹੁਤ ਸਾਰੇ ਸਤਿਕਾਰ, ਮੁਬਾਰਕਬਾਦ ਅਤੇ ਧੰਨਵਾਦ ਦੇ ਹੱਕਦਾਰ ਹਨ।

- ਪਰਮਜੀਤ ਕੌਰ ਸਰਹਿੰਦ

## 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ'

ਗ੍ਰੰਥ ਸਾਹਿਬ ਜੀ ਦਾ ਕਰੀਏ ਸਤਿਕਾਰ ਸੰਗਤੇ।
ਐਸਾ ਜੱਗ 'ਚ ਨਾ ਹੋਰ ਕੋਈ ਦੁਆਰ ਸੰਗਤੇ।
ਤੁਸੀਂ ਜਾਣੋ ਨਾ ਕਿਤਾਬ, ਜੋਤ ਜਸਾਂ ਗੁਰਾਂ ਦੀ।
ਬਾਣੀ ਵਿਚ ਹੈ ਕਬੀਰ ਤੇ ਫਰੀਦ ਹੁਰਾਂ ਦੀ।
ਜੁਗੋ ਜੁਗ ਹੈ ਅਟੱਲ ਅਵਤਾਰ ਸੰਗਤੇ।
ਗ੍ਰੰਥ ਸਾਹਿਬ ਜੀ ਦਾ ਕਰੀਏ ਸਤਿਕਾਰ ਸੰਗਤੇ।
ਸੁਭਾ ਅੰਮ੍ਰਿਤ ਵੇਲੇ ਅਸੀਂ ਦਰਸ਼ਨ ਪਾਈਏ।
ਆ ਕੇ ਚਰਨਾਂ ਦੇ ਵਿਚ ਸਦਾ ਸੀਸ ਨਿਵਾਈਏ।
ਹਜ਼ੂਰੀ ਵਿਚ ਹੁੰਦਾ ਮਨ ਠੰਡਾ-ਠਾਰ ਸੰਗਤੇ।
ਗ੍ਰੰਥ ਸਾਹਿਬ ਜੀ ਦਾ ਕਰੀਏ ਸਤਿਕਾਰ ਸੰਗਤੇ।
ਗ੍ਰੰਥ ਸਾਹਿਬ ਵਿਚ ਦੱਸਿਆ ਏ ਜ਼ਿੰਦਗੀ ਦਾ ਰਾਹ।
ਰੱਬ ਪਾਉਣ ਲਈ ਫੋਕੇ ਜਿਹੇ ਚੜ੍ਹਾਵੇ ਨਾ ਚੜ੍ਹਾ।
ਦਸਾਂ ਨਹੁੰਆਂ ਦੀ ਤੂੰ ਕਰ ਲੈ ਕਾਰ ਸੰਗਤੇ।
ਗ੍ਰੰਥ ਸਾਹਿਬ ਜੀ ਦਾ ਕਰੀਏ ਸਤਿਕਾਰ ਸੰਗਤੇ।
ਜਿੰਦੇ ਛੱਡ ਹੰਕਾਰ ਬਣ ਗੁਰੂ ਜੀ ਦੀ ਦਾਸੀ।
ਨਾਲੇ ਸੁੱਖ ਮਿਲੂ ਐਥੇ, ਕੱਟੀ ਜਾਵੇਗੀ ਚਰਾਸੀ।
ਭਵ ਸਾਗਰ 'ਚੋਂ ਹੋਜੂ ਬੇੜਾ ਪਾਰ ਸੰਗਤੇ।
ਗ੍ਰੰਥ ਸਾਹਿਬ ਜੀ ਦਾ ਕਰੀਏ ਸਤਿਕਾਰ ਸੰਗਤੇ।
ਧਿਆਨ ਗੁਰੂ ਜੀ ਦਾ ਧਰ ਜਿਹੜਾ ਕਰੇ ਅਰਦਾਸ।
ਸਾਰੇ ਟੁੱਟ ਜਾਣ ਦੁੱਖ ਪੂਰੀ ਹੋ ਜਾਵੇ ਆਸ।
ਪਰ ਦਿਲ 'ਚ ਨਾ ਹੋਵੇ ਹੰਕਾਰ ਸੰਗਤੇ।
ਗ੍ਰੰਥ ਾਸਹਿਬ ਜੀ ਦਾ ਕਰੀਏ ਸਤਿਕਾਰ ਸੰਗਤੇ।
ਇਨ੍ਹਾਂ ਗੱਲਾਂ ਤੇ ਭਲੂਰੀਆ ਤੂੰ ਅਮਲ ਕਮਾ ਲੈ।
ਗ੍ਰੰਥ ਸਹਿਬ ਵਿਚ ਦੱਸੇ ਜੋ ਅਸੂਲ ਅਪਨਾ ਲੈ।
ਰਹਿੰਦੀ ਜ਼ਿੰਦਗੀ ਦਾ ਕਰ ਲੈ ਸੁਧਾਰ ਸੰਗਤੇ।
ਗ੍ਰੰਥ ਸਾਹਿਬ ਜੀ ਦਾ ਕਰੀਏ ਸਤਿਕਾਰ ਸੰਗਤੇ।

ਜਸਵੀਰ ਸਿੰਘ ਭਲੂਰੀਆ
ਮੋ. 99159-95505

## ਦੇਸ਼ਾਂ-ਵਿਦੇਸ਼ਾਂ ਵਿਚ ਵਸਦੀਆਂ ਸਮੂਹ ਸਿੱਖ ਸੰਗਤਾਂ ਨੂੰ ਧੰਨ-ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਦੀ ਲੱਖ-ਲੱਖ ਵਧਾਈ !


ਸ. ਗਰਮੇਲ ਸਿੰਘ ਪੁਰਬਾ
ਰਿਟਾ: ਏ.ਏ.ਓ.
ਯੂਨਾਇਟਡ ਇੰਡੀਆ ਇੰਨਸ਼ੋਰੈਂਸ


ਸ. ਗਰਮੇਲ ਸਿੰਘ ਬੌਡੇ
ਪ੍ਰਸਿੱਧ ਸਾਹਿਤਕਾਰ
ਸਾਹਿਤਕ ਸਲਾਹਕਾਰ: ਮਵਦੀਲਾ


ਸੁਖਜੀਤ ਸਿੰਘ ਵਾਲੀਆ
ਇੰਚਾਰਜ ਪ੍ਰੋਟਿੰਗ ਸੈਕਸ਼ਨ
'ਮਹਿਕ ਵਤਨ ਦੀ ਲਾਈਵ' ਮੈਗਜੀਨ


ਜਗਜੀਵਨ ਸਿੰਘ ਰੋਡੇ
ਪ੍ਰਧਾਨ
ਢਾਢੀ ਕਵੀ: ਕਲਾ ਬਚਾਓ ਲਹਿਰ


ਮਹਿੰਦਰਪਾਲ ਲੂੰਬਾ
ਪ੍ਰਧਾਨ
ਸਰਬੱਤ ਦਾ ਭਲਾ ਟਰੱਸਟ, ਮੋਗਾ


ਗੁਰਸੇਵਕ ਸਿੰਘ ਸੰਨਿਆਸੀ
ਮੁੱਖ ਸਲਾਹਕਾਰ
ਸਰਬੱਤ ਦਾ ਭਲਾ ਟਰੱਸਟ, ਮੋਗਾ


ਸੁਖਦੇਵ ਸਿੰਘ ਬਰਾੜ
ਰਿਟਾਇਰਡ : ਡੀ. ਐਸ. ਪੀ.
(ਸ਼ਹਿਰੀ ਪ੍ਰਧਾਨ NGO)


ਭਾਗਵੰਤੀ ਪੁਰਬਾ
ਉੱਪ-ਮੁੱਖ ਸੰਪਾਦਕ (ਆਨਰੇਰੀ)
'ਮਹਿਕ ਵਤਨ ਦੀ ਲਾਈਵ' ਬਿਓਰੋ


ਮੈਡਮ ਨਰਜੀਤ ਕੌਰ
ਦਫਤਰ ਸਕੱਤਰ
ਸਰਬੱਤ ਦਾ ਭਲਾ ਟਰੱਸਟ, ਮੋਗਾ


ਇਕਬਾਲ ਸਿੰਘ ਖੋਸਾ
ਸਹਿ ਸੰਪਾਦਕ
'ਮਹਿਕ ਵਤਨ ਦੀ ਲਾਈਵ' ਬਿਓਰੋ


ਢਾਢੀ ਸਾਧੂ ਸਿੰਘ ਧੰਮੂ
ਮੁੱਖ ਸੇਵਾਦਾਰ
ਢਾਢੀ ਕਵੀਸ਼ਰ ਕਲਾ ਬਚਾਓ ਲਹਿਰ


ਬਲਵਿੰਦਰ ਸਿੰਘ ਚਾਨੀ
ਪ੍ਰਸਿੱਧ ਸਾਹਿਤਕਾਰ


ਢਾਡੀ ਜਸਵਿੰਦਰ ਸਿੰਘ ਬਾਗੀ
ਸੀਨੀਅਰ ਮੀਤ ਪ੍ਰਧਾਨ
ਮਾਲਵਾ ਕਵੀਸ਼ਰ ਢਾਡੀ ਸਾਹਿਤ ਸਭਾ


ਮਨਮੋਹਨ ਸਿੰਘ ਚੀਮਾਂ
ਪ੍ਰੈਸ ਫੋਟੋ ਗ੍ਰਾਫਰ/ ਕੈਮਰਾਮੈਨ
'ਮਹਿਕ ਵਤਨ ਦੀ ਲਾਈਵ'

ਸਾਡੇ ਮਾਣਯੋਗ ਪੱਤਰਕਾਰ, ਪ੍ਰਤੀਨਿਧ ਅਤੇ ਪਤਵੰਤੇ ਸੱਜਣ ਮਿੱਤਰ ਭੈਣ, ਭਰਾਵਾਂ ਦਾ ਹਾਰਦਿਕ ਧੰਨਵਾਦ! ਜਿਨ੍ਹਾ ਦੇ ਸਹਿਯੋਗ ਸਦਕਾਂ ਇਹ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਿਤ ਕੀਤਾ ਗਿਆਂ ਹੈ। - ਮੁੱਖ ਸੰਪਾਦਕ